| S. No. | Date | Publication | Headline | Edition |
|---|---|---|---|---|
| | 19th January 2024 | Ajit Samachar | Havells expands retail footprint in North India; launches Home Art Light Store in Amritsar, Punjab | Print Chandigarh |



# ਅੰਮ੍ਰਿਤਸਰ ਵਿਚ ਹੈਵੇਲਜ਼ ਹੋਮ ਆਰਟ ਲਾਈਟ ਸਟੋਰ ਸ਼ੁਰੂ, ਉੱਤਰ ਭਾਰਤ 'ਚ ਵਿਸਤਾਰ ਦੀ ਸ਼ੁਰੂਆਤ

ਅੰਮ੍ਰਿਤਸਰ, 18 ਜਨਵਰੀ (ਬ. ਐੱਨ.1895)- ਹੈਵੇਲਜ਼ ਹੋਮ ਆਰਟ ਲਾਈਟ ਨੇ ਅੱਜ ਅੰਮ੍ਰਿਤਸਰ ਵਿਚ ਆਪਣੇ ਵਿਸ਼ੇਸ਼ ਰਿਟੇਲ ਸ਼ੋਅਰੂਮ ਹੋਮ ਆਰਟ ਲਾਈਟ ਬ੍ਰਾਂਡ ਸ਼ਾਪ ਦਾ ਉਦਘਾਟਨ ਕੀਤਾ। ਇਸ ਦੇ ਨਾਲ ਇਸਨੇ ਉੱਤਰੀ ਭਾਰਤ ਵਿਚ ਆਪਣੀ ਪ੍ਰਚੂਨ ਮੌਜੂਦਗੀ ਦਾ ਵਿਸਤਾਰ ਕੀਤਾ ਹੈ। ਹੈਵੇਲਜ਼ ਭਾਰਤ ਦੇ ਪ੍ਰਮੁੱਖ ਲਾਈਟਿੰਗ ਬ੍ਰਾਂਡਾਂ ਵਿਚੋਂ ਇਕ ਹੈ। ਇਹ ਸ਼ੋਅਰੂਮ ਸੀ. ਬੀ. ਟਾਵਰ ਦੇ ਮੱਧ ਵਿਚ, ਮਾਲ ਆਫ ਅੰਮ੍ਰਿਤਸਰ, ਅੰਮ੍ਰਿਤਸਰ (ਪੰਜਾਬ) ਦੇ ਸਾਹਮਣੇ ਸਥਿਤ ਹੈ। ਹੋਮ ਆਰਟ ਲਾਈਟ ਬ੍ਰਾਂਡ ਸ਼ਾਪ ਸਟੋਰ ਅੰਮ੍ਰਿਤਸਰ ਦੇ ਲੋਕਾਂ ਨੂੰ ਰੋਸ਼ਨੀ ਦੇ ਸਾਰੇ ਹੱਲ ਪ੍ਰਦਾਨ ਕਰੇਗਾ।

ਇਹ ਸਜਾਵਟੀ ਰੋਸ਼ਨੀ ਉਤਪਾਦਾਂ ਜਿਵੇਂ ਕਿ ਝੰਡਲ, ਪੈਂਡੈਂਟ, ਕੰਧ ਲਾਈਟਾਂ, ਆਰਕੀਟੈਕਚਰਲ ਅਤੇ ਛੱਤ ਦੇ ਫਿਕਸਚਰ ਦੇ ਨਾਲ ਆਇਆ ਹੈ। ਸਟੋਰ ਦਾ ਉਦਘਾਟਨ ਪ੍ਰਵੀਨ ਕੁਮਾਰ ਜਨਰਲ ਮੈਨੇਜਰ ਤੇ ਅਸ਼ਵਨੀ ਸ਼ਰਮਾ ਜੁਆਇੰਟ ਜਨਰਲ ਮੈਨੇਜਰ ਹੈਵੇਲਜ਼ ਇੰਡੀਆ ਲਿਮਟਿਡ ਨੇ ਕੀਤਾ।

ਇਹ ਰਿਟੇਲ ਸ਼ੋਅਰੂਮ ਨਵੀਨਤਮ ਤਕਨਾਲੋਜੀ ਨਾਲ ਸਟਾਈਲਿਸ਼ ਤੇ ਉੱਚ ਗੁਣਵੱਤਾ ਵਾਲੇ ਉਤਪਾਦਾਂ ਦੀ ਇਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰੇਗਾ ਜੋ ਨਾ ਸਿਰਫ ਸ਼ਾਨਦਾਰ ਰੋਸ਼ਨੀ ਅਤੇ ਸਮਕਾਲੀ ਦਿੱਖ ਪ੍ਰਦਾਨ ਕਰੇਗਾ ਬਲਕਿ ਊਰਜਾ ਕੁਸ਼ਲ ਵੀ ਹੋਵੇਗਾ।

ਇਸ ਮੌਕੇ ਪ੍ਰਵੀਨ ਕੁਮਾਰ ਤੇ ਅਸ਼ਵਨੀ ਸ਼ਰਮਾ ਨੇ ਕਿਹਾ, 'ਅਸੀਂ ਹੋਮ ਆਰਟ ਲਾਈਟ ਬ੍ਰਾਂਡ ਸ਼ਾਪ ਐਕਸਕਲੂਸਿਵ ਦੇ ਨਾਲ ਭਾਰਤ ਦੇ ਉੱਤਰੀ ਖੇਤਰ ਵਿਚ ਆਪਣੇ ਪ੍ਰਚੂਨ ਕਾਰੋਬਾਰ ਨੂੰ ਹੋਰ ਅੱਗੇ ਵਧਾਉਣ ਲਈ ਬਹੁਤ ਉਤਸ਼ਾਹਿਤ ਹਾਂ। ਅੰਮ੍ਰਿਤਸਰ ਵਿਚ ਇਹ ਬ੍ਰਾਂਡ ਸਟੋਰ ਆਪਣੇ ਵਿਲੱਖਣ ਉਤਪਾਦਾਂ ਨਾਲ ਆਧੁਨਿਕ ਜੀਵਨ ਪ੍ਰਤੀ ਖਪਤਕਾਰਾਂ ਦੀਆਂ ਮੰਗਾਂ ਨੂੰ ਪੂਰਾ ਕਰੇਗਾ।

ਇਸ ਸਟੋਰ ਦਾ ਉਦਘਾਟਨ ਹੈਵੇਲਜ਼ ਹੋਮ ਆਰਟ ਲਾਈਟ ਦੀ ਮਾਰਕੀਟ ਪ੍ਰਤੀ ਵਚਨਬੱਧਤਾ ਦਾ ਪ੍ਰਮਾਣ ਹੈ।

ਕੰਪਨੀ ਰੋਸ਼ਨੀ ਉਦਯੋਗ ਵਿਚ ਸਭ ਤੋਂ ਪਸੰਦੀਦਾ ਬ੍ਰਾਂਡ ਬਣਨ ਦੀ ਆਪਣੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਯਤਨਸ਼ੀਲ ਹੈ।

ਸਟੋਰ ਦਾ ਉਦਘਾਟਨ ਕਰਦੇ ਪ੍ਰਵੀਨ ਕੁਮਾਰ, ਅਸ਼ਵਨੀ ਸ਼ਰਮਾ ਤੇ ਹੋਰ।